Roll No. ....................................................

Total No. of Questions : 10]

**002/B**

[Total No. of Printed Pages : 4

**SS**

**2324**

**ਸਲਾਨਾ ਪਰੀਖਿਆ ਪ੍ਰਣਾਲੀ**

# GENERAL PUNJABI

**(Common for All Groups and Vocational Stream)**

**Time Allowed : 3 Hours** **Maximum Marks : 80**

**ਨੋਟ :** (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ **002/B** ਜ਼ਰੂਰ ਦਰਜ ਕਰੋ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 28 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ।

(iv) 5 ਅੰਕ ਸੁੰਦਰ ਲਿਖਾਈ ਲਈ ਨਿਰਧਾਰਿਤ ਕੀਤੇ ਗਏ ਹਨ। ਇਹ ਅੰਕ ਇਸ ਪ੍ਰਸ਼ਨ-ਪੱਤਰ ਦੇ ਕੁੱਲ ਅੰਕਾਂ-80 ਵਿੱਚ ਹੀ ਰਾਖਵੇਂ ਹਨ।

(v) ਪ੍ਰਸ਼ਨ-ਪੱਤਰ ਦੇ ਕੁੱਲ 10 ਪ੍ਰਸ਼ਨ ਹਨ।

(vi) **ਸਾਰੇ ਪ੍ਰਸ਼ਨ ਜ਼ਰੂਰੀ ਹਨ।**

(vii) ਪ੍ਰਸ਼ਨ ਨੰ. 2 ਦੇ ਭਾਗ (ੳ), (ਅ) ਅਤੇ (ੲ) ਵਸਤੂਨਿਸ਼ਠ ਪ੍ਰਸ਼ਨਾਂ ਦੇ ਹਨ । ਹਰੇਕ ਪ੍ਰਸ਼ਨ ਦੇ 2 ਅੰਕ ਹਨ।

1. ਇਹ ਪ੍ਰਸ਼ਨ ਸੁੰਦਰ ਲਿਖਾਈ ਲਈ ਰਾਖਵਾਂ ਹੈ। 5

2. ਵਸਤੂਨਿਸ਼ਠ ਪ੍ਰਸ਼ਨ : 15x2=30

ਭਾਗ (ੳ) : ਬਹੁ-ਚੋਣਵੇਂ ਉੱਤਰਾਂ ਵਾਲੇ ਪ੍ਰਸ਼ਨ :

(i) ਛਪਾਰ ਦਾ ਮੇਲਾ ਕਦੋਂ ਲੱਗਦਾ ਹੈ ? 2

(ੳ) ਸਾਵਣ ਸੁਦੀ ਚੌਦਾਂ (ਅ) ਭਾਦਰੋਂ ਸੁਦੀ ਚੌਦਾਂ

(ੲ) ਅੱਸੂ ਸੁਦੀ ਚੌਦਾਂ (ਸ) ਕੱਤਕ ਸੁਦੀ ਚੌਦਾਂ

(ii) ਰੂਪ ਪੱਖੋਂ ਨਕਲਾਂ ਕਿੰਨੀ ਕਿਸਮ ਦੀਆਂ ਹੁੰਦੀਆਂ ਹਨ ? 2

(ੳ) ਦੋ (ਅ) ਤਿੰਨ

(ੲ) ਚਾਰ (ਸ) ਪੰਜ

(iii) 'ਪੰਜਾਬ ਦੀਆਂ ਲੋਕ-ਖੇਡਾਂ' ਪਾਠ ਦੇ ਆਧਾਰ 'ਤੇ ਦੱਸੋ ਕਿ ਮੁੰਡੇ ਅਤੇ ਕੁੜੀਆਂ ਸਿਆਲ ਦੀ ਰੁੱਤ ਵਿੱਚ ਕਿਹੜੀ ਖੇਡ ਖੇਡਦੇ ਹਨ ? 2

(ੳ) ਸੱਕਰ ਭਿੱਜੀ (ਅ) ਪੀਲ-ਪਲੀਂਘਣ

(ੲ) ਬਾਂਦਰ-ਕੀਲਾ (ਸ) ਅੱਡੀ-ਛੜੱਪਾ



https://www.punjabboardonline.com

(iv) 'ਹਮੇਸ਼ਾਂ ਆਸਵੰਦ ਰਹਿਣ ਦਾ ਉਪਦੇਸ਼' ਦੇਣ ਲਈ ਕਿਹੜੀ ਅਖਾਉਤ ਢੁਕਵੀਂ ਹੈ ? 2

(ੳ) ਮਨ ਜੀਤੈ ਜਗੁ ਜੀਤੁ

(ਅ) ਢਿੱਡ ਭਰਿਆ ਕੰਮ ਸਰਿਆ

(ੲ) ਇੱਕ ਦਰ ਬੰਦ ਸੌ ਦਰ ਖੁੱਲ੍ਹਾ

(ਸ) ਜਾਂਦੇ ਚੋਰ ਦੀ ਲੰਗੋਟੀ ਸਹੀ

(v) 'ਜੀਤੋ' ਕਿਹੜੀ ਕਹਾਣੀ ਦੀ ਪਾਤਰ ਹੈ ? 2

(ੳ) ਮਾੜਾ ਬੰਦਾ

(ਅ) ਠੀਲੀ

(ੲ) ਆਪਣਾ ਦੇਸ

(ਸ) ਘਰ ਜਾਹ ਆਪਣੇ

ਭਾਗ (ਅ) : ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ :

(i) ਰਿਗਵੇਦ ਸਮੇਂ ਪੰਜਾਬ ਨੂੰ ਕਿਸ ਨਾਂ ਨਾਲ ਜਾਣਿਆ ਜਾਂਦਾ ਸੀ ? 2

(ii) ਕਿਹੜੇ ਲੋਕ-ਨਾਚ ਨੂੰ 'ਗਿੱਧੇ ਦੀ ਨਰਸਰੀ' ਮੰਨਿਆ ਜਾਂਦਾ ਹੈ ? 2

(iii) ਹੰਗਾਮੇ ਸਮੇਂ ਕਿਹੜੀ ਰਸਮ ਕੀਤੀ ਜਾਂਦੀ ਹੈ ? 2

(iv) 'ਚੰਗੀ ਸੰਗਤ ਕਰਨ ਅਤੇ ਬੁਰੀ ਸੰਗਤ ਤੋਂ ਬਚਣ' ਦੀ ਨਸੀਹਤ ਦੇਣ ਲਈ ਕਿਹੜੀ ਅਖਾਉਤ ਢੁਕਵੀਂ ਹੈ ? 2

(v) 'ਚੁੰਮ-ਚੁੰਮ ਰੱਖੋ' ਕਵਿਤਾ ਦੇ ਕਵੀ ਦਾ ਨਾਂ ਦੱਸੋ। 2

ਭਾਗ (ੲ) : ਹੇਠ ਲਿਖੇ ਕਥਨਾਂ ਵਿੱਚੋਂ ਦੱਸੋ ਕਿ ਕਿਹੜਾ ਕਥਨ ਸਹੀ ਹੈ ਅਤੇ ਕਿਹੜਾ ਗ਼ਲਤ :

(i) ਤਿਲਪੱਤਰਾ ਫੁਲਕਾਰੀ ਦੀ ਕਢਾਈ ਸ਼ੀਸ਼ੇ ਦੇ ਟੁਕੜੇ ਲਾ ਕੇ ਕੀਤੀ ਜਾਂਦੀ ਸੀ। 2

(ii) ਪੈਦਾਵਾਰੀ ਸਾਧਨਾਂ ਅਤੇ ਤਕਨੀਕ ਦੇ ਬਦਲ ਜਾਣ ਨਾਲ ਸੱਭਿਆਚਾਰ ਵੀ ਬਦਲ ਜਾਂਦਾ ਹੈ। 2

(iii) ਪੰਜਾਬ ਦੇ ਸਮੁੱਚੇ ਲੋਕ-ਨਾਚ ਲੌਕਿਕ ਪ੍ਰਕਿਰਤੀ ਦੇ ਧਾਰਨੀ ਹਨ। 2

(iv) 'ਵਗਦੇ ਪਾਣੀ' ਕਵਿਤਾ ਦਾ ਕਵੀ ਸ਼ਿਵ ਕੁਮਾਰ ਬਟਾਲਵੀ ਹੈ। 2

(v) 'ਸਖ਼ਤ ਮਿਹਨਤ ਅਤੇ ਲਗਨ ਨਾਲ ਕੰਮ ਕਰਨ ਦੀ ਆਦਤ ਪਾਉਣ' ਦੀ ਸਿੱਖਿਆ ਦੇਣ ਲਈ 'ਪਾਟਾ ਸੀਵੀਏ ਨਾ, ਰੁੱਸਾ ਮਨਾਈਏ ਨਾ, ਤਾਂ ਘਰ ਨਹੀਂ ਵੱਸਦੇ' ਅਖਾਉਤ ਬਿਲਕੁਲ ਢੁਕਵੀਂ ਹੈ। 2

3. ਕੋਈ ਦੋ ਪ੍ਰਸ਼ਨਾਂ ਦੇ ਉੱਤਰ ਲਿਖੋ : 2x4=8

(ੳ) ਲੋਕ-ਕਲਾ ਅਤੇ ਸ਼ਾਸਤਰੀ ਕਲਾ ਵਿੱਚ ਕੀ ਅੰਤਰ ਹੈ ? ਖੋਲ੍ਹ ਕੇ ਦੱਸੋ। 4

(ਅ) 'ਨਕਲਾਂ ਵਿੱਚ ਦਰਸ਼ਕਾਂ ਦੀ ਅਹਿਮ ਭੂਮਿਕਾ ਹੁੰਦੀ ਹੈ', ਦੱਸੋ ਕਿਵੇਂ ? 4

(ੲ) ਸਾਨੂੰ ਆਪਣੇ ਪੰਜਾਬੀ ਸੱਭਿਆਚਾਰ ਦੇ ਰਵਾਇਤੀ ਖਾਣੇ ਨੂੰ ਕਿਉਂ ਤਰਜੀਹ ਦੇਣੀ ਚਾਹੀਦੀ ਹੈ ? 4

(ਸ) ਪੰਜਾਬੀ ਸੱਭਿਆਚਾਰ ਦੇ ਮੁੱਖ ਲੱਛਣ ਕੀ ਹਨ ? 4

(ਹ) ਪਹਿਲੇ ਸਮਿਆਂ ਵਿੱਚ ਮੁੰਡੇ ਅਤੇ ਕੁੜੀ ਦੇ ਜੰਮਣ 'ਤੇ ਰਸਮ-ਰਿਵਾਜਾਂ ਦੇ ਪੱਖ ਤੋਂ ਕੀ ਵਿਤਕਰਾ ਸੀ ? ਹੁਣ ਇਹ ਵਿਤਕਰਾ ਕਿਵੇਂ ਘਟ ਰਿਹਾ ਹੈ ? 2+2=4



https://www.punjabboardonline.com

4. ਤੁਹਾਡੇ ਪਿੰਡ ਵਿੱਚ ਕਲੱਬ ਵੱਲੋਂ ਪੰਚਾਇਤ ਦੇ ਸਹਿਯੋਗ ਨਾਲ ਪੁਸਤਕਾਲਾ ਖੋਲ੍ਹਿਆ ਜਾ ਰਿਹਾ ਹੈ। ਲਾਇਬ੍ਰੇਰੀਅਨ ਵੱਲੋਂ ਪੁਸਤਕਾਂ ਮੰਗਵਾਉਣ ਲਈ ਭਿੰਨ-ਭਿੰਨ ਪੁਸਤਕ-ਵਿਕਰੇਤਾਵਾਂ ਨੂੰ ਪੱਤਰ ਲਿਖੋ, ਜਿਸ ਵਿੱਚ ਕੁਟੇਸ਼ਨਾਂ ਦੀ ਮੰਗ ਕੀਤੀ ਗਈ ਹੋਵੇ। 2+4+1=7

ਜਾਂ

ਤੁਸੀਂ ਮੱਛੀ-ਪਾਲਣ ਦਾ ਕਾਰੋਬਾਰ ਕਰਨਾ ਚਾਹੁੰਦੇ ਹੋ। ਆਪਣੇ ਜ਼ਿਲ੍ਹੇ ਦੇ ਮੱਛੀ-ਪਾਲਣ ਅਫ਼ਸਰ ਨੂੰ ਆਪਣੀ ਯੋਗਤਾ ਦੱਸਦੇ ਹੋਏ ਸਰਕਾਰ ਵੱਲੋਂ ਮਿਲਦੀ ਸਬਸਿਡੀ ਤੇ ਹੋਰ ਸਹੂਲਤਾਂ ਬਾਰੇ ਪੱਤਰ ਰਾਹੀਂ ਜਾਣਕਾਰੀ ਦੀ ਮੰਗ ਕਰੋ।

5. ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਲਿਖੋ : 5+1=6

ਇਸ ਵਿੱਚ ਸ਼ੱਕ ਨਹੀਂ ਕਿ ਨਸ਼ੀਲੇ ਪਦਾਰਥਾਂ ਦਾ ਇਸਤੇਮਾਲ ਦੁਨੀਆਂ ਭਰ ਵਿੱਚ ਇਨਸਾਨੀ ਸਿਹਤ ਅਤੇ ਸਮਾਜ ਲਈ ਗੰਭੀਰ ਚੁਣੌਤੀ ਦਾ ਰੂਪ ਧਾਰਨ ਕਰ ਚੁੱਕਾ ਹੈ। ਅਜੋਕੀ ਤੇਜ਼ ਰਫ਼ਤਾਰ ਜ਼ਿੰਦਗੀ ਇਨਸਾਨ ਕੋਲੋਂ ਹਰ ਖੇਤਰ ਵਿੱਚ ਤੇਜ਼ ਰਫ਼ਤਾਰ ਦੀ ਮੰਗ ਕਰਦੀ ਹੈ, ਜਿਸ ਕਰਕੇ ਸਹਿਜ ਜੀਵਨ ਜਿਊਣ ਲਈ ਵੀ ਇਨਸਾਨ ਨੂੰ ਸੰਘਰਸ਼ ਦੀ ਹਾਲਤ ਵਿੱਚ ਰਹਿਣਾ ਪੈਂਦਾ ਹੈ। ਹਰ ਖੇਤਰ ਵਿੱਚ ਮੁਕਾਬਲੇਬਾਜ਼ੀ ਅਤੇ ਜ਼ਿਆਦਾ ਤੋਂ ਜ਼ਿਆਦਾ ਪੂੰਜੀ ਤੇ ਪਦਾਰਥਕ ਸੁੱਖ ਜਮ੍ਹਾਂ ਕਰਨ ਦੀ ਦੌੜ ਨੇ ਜ਼ਿੰਦਗੀ ਨੂੰ ਮਸ਼ੀਨੀ ਪੱਧਰ ਉੱਤੇ ਲੈ ਆਂਦਾ ਹੈ। ਮਾਨਸਿਕ ਅਤੇ ਆਤਮਿਕ ਪੱਧਰ ਉੱਤੇ ਇਨਸਾਨ ਭੌਤਿਕ ਵਾਤਾਵਰਨ ਨਾਲ ਤਾਲ-ਮੇਲ ਰੱਖਣ ਵਿੱਚ ਨਾਕਾਮਯਾਬ ਹੋ ਰਿਹਾ ਹੈ। ਆਮ ਆਦਮੀ ਦਾ ਜ਼ਿਆਦਾ ਸਮਾਂ ਜ਼ਿੰਦਗੀ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਵਿੱਚ ਹੀ ਲੱਗ ਜਾਂਦਾ ਹੈ, ਜਿਸ ਕਰਕੇ ਉਸ ਦੀਆਂ ਸਮਾਜਿਕ, ਮਾਨਸਿਕ ਅਤੇ ਆਤਮਿਕ ਲੋੜਾਂ ਅਧੂਰੀਆਂ ਰਹਿ ਜਾਂਦੀਆਂ ਹਨ। ਇਸ ਨਾਲ ਜ਼ਿੰਦਗੀ ਵਿੱਚ ਇੱਕ ਖ਼ਲਾਅ ਪੈਦਾ ਹੋ ਜਾਂਦਾ ਹੈ ਅਤੇ ਕਈ ਤਰ੍ਹਾਂ ਦੀਆਂ ਮਾਨਸਿਕ ਉਲਝਣਾਂ ਪੈਦਾ ਹੁੰਦੀਆਂ ਹਨ। ਨਸ਼ਾ-ਪ੍ਰਵਿਰਤੀ ਵੀ ਇਸੇ ਖ਼ਲਾਅ ਨੂੰ ਪੂਰਿਆਂ ਕਰਨ ਦੇ ਯਤਨ ਵਜੋਂ ਹੀ ਸ਼ੁਰੂ ਹੁੰਦੀ ਹੈ। ਭੌਤਿਕ ਤੌਰ ਉੱਤੇ ਆਵਾਜਾਈ ਤੇ ਸੰਚਾਰ ਦੇ ਸਾਧਨਾਂ ਵਗ਼ੈਰਾ ਦੀ ਬਦੌਲਤ ਬੇਸ਼ੱਕ ਬਾਹਰੀ ਫ਼ਾਸਲੇ ਘਟੇ ਹਨ ਪਰ ਸਮਾਜਿਕ, ਮਾਨਸਿਕ ਅਤੇ ਆਤਮਿਕ ਤੌਰ 'ਤੇ ਇਨਸਾਨ ਤੇ ਇਨਸਾਨ ਵਿਚਲੀ ਦੂਰੀ ਵਧੀ ਹੈ। ਭੀੜ ਵਧਣ ਦੇ ਬਾਵਜੂਦ ਹਰ ਇਨਸਾਨ ਇਕੱਲਾ ਹੈ। ਨਤੀਜੇ ਵਜੋਂ ਆਪਣੇ ਦੁੱਖ ਵੀ ਉਸ ਨੂੰ ਇਕੱਲੇ ਨੂੰ ਹੀ ਝੱਲਣੇ ਪੈਂਦੇ ਹਨ। ਇਨਸਾਨ ਨੂੰ ਜਦ ਇਨਸਾਨ ਦਾ ਸਹਾਰਾ ਨਹੀਂ ਰਿਹਾ ਤਾਂ ਉਸ ਨੇ ਮਸਨੂਈ ਸਹਾਰੇ ਤਲਾਸ਼ਣੇ ਸ਼ੁਰੂ ਕਰ ਦਿੱਤੇ, ਜਿਨ੍ਹਾਂ ਵਿੱਚ ਨਸ਼ੇ ਵੀ ਸ਼ਾਮਲ ਹਨ। https://www.punjabboardonline.com

6. ਹੇਠ ਲਿਖੇ ਸ਼ਬਦ-ਸਮੂਹਾਂ ਵਿੱਚੋਂ ਕਿਸੇ ਇੱਕ ਸ਼ਬਦ-ਸਮੂਹ ਨੂੰ ਸ਼ਬਦ-ਕੋਸ਼ ਤਰਤੀਬ ਅਨੁਸਾਰ ਲਿਖੋ : 6x½=3

| | |
|---|---|
| ਫ਼ਰਿਸ਼ਤਾ | ਰਿਸ਼ਟ-ਪੁਸ਼ਟ |
| ਫ਼ਕੀਰ | ਤਿੱਕੜੀ |
| ਫ਼ੌਲਾਦੀ | ਰੋਜ਼ਨਾਮਚਾ |
| ਫ਼ਿਲਹਾਲ | ਦਰੁਸਤ |
| ਫ਼ਸਲ | ਹਥੌੜਾ |
| ਫ਼ਿਰਕੀ | ਬਜ਼ੁਰਗ |

7. ਹੇਠ ਲਿਖੇ ਵਾਕਾਂ ਵਿੱਚੋਂ ਕਿਸੇ ਤਿੰਨ ਵਾਕਾਂ ਦਾ ਬਰੈਕਟ ਵਿੱਚ ਦਿੱਤੇ ਨਿਰਦੇਸ਼ ਅਨੁਸਾਰ ਵਾਕ-ਵਟਾਂਦਰਾ ਕਰੋ : 3x1=3

(ੳ) ਭਲੇ ਲੋਕ ਸਭ ਦਾ ਭਲਾ ਸੋਚਦੇ ਹਨ। (ਨਾਂਹ-ਵਾਚਕ ਵਾਕ) 1

(ਅ) ਮੇਰੀ ਇੱਛਾ ਹੈ ਕਿ ਮੈਂ ਅਮੀਰ ਹੋਵਾਂ। (ਵਿਸਮੈ-ਵਾਚਕ ਵਾਕ) 1

(ੲ) ਬੱਚੇ ਸਭ ਨੂੰ ਪਿਆਰੇ ਲੱਗਦੇ ਹਨ। (ਪ੍ਰਸ਼ਨ-ਵਾਚਕ ਵਾਕ) 1

(ਸ) ਬੂਟਿਆਂ ਨੂੰ ਮਾਲੀ ਦੁਆਰਾ ਪਾਣੀ ਦਿੱਤਾ ਗਿਆ। (ਕਰਤਰੀ ਵਾਚ ਵਾਕ) 1

(ਹ) ਅੱਗੇ ਵਧ ਕੇ ਵੈਰੀ ਦੇ ਦੰਦ ਖੱਟੇ ਕਰੋ। (ਸੰਯੁਕਤ ਵਾਕ) 1

(ਕ) ਮਿਹਨਤ ਕਰਨ ਵਾਲੇ ਵਿਦਿਆਰਥੀਆਂ ਨੂੰ ਹਮੇਸ਼ਾਂ ਸਫਲਤਾ ਮਿਲਦੀ ਹੈ। (ਮਿਸ਼ਰਿਤ ਵਾਕ) 1



https://www.punjabboardonline.com

8. ਹੇਠ ਲਿਖੀਆਂ ਅਖਾਉਤਾਂ ਵਿੱਚੋਂ ਕਿਸੇ **ਤਿੰਨ** ਨੂੰ ਵਾਕਾਂ ਵਿੱਚ ਵਰਤੋਂ ਜਾਂ ਉਹਨਾਂ ਦੀ ਵਰਤੋਂ ਦੀਆਂ ਸਥਿਤੀਆਂ ਦੱਸੋ : 3x2=6

(ੳ) ਘਰ ਦਾ ਜੋਗੀ ਜੋਗੜਾ ਬਾਹਰ ਦਾ ਜੋਗੀ ਸਿੱਧ 2

(ਅ) ਭੱਜਦਿਆਂ ਨੂੰ ਵਾਹਣ ਇੱਕੋ-ਜਿਹੇ 2

(ੲ) ਇੱਕ ਚੁੱਪ ਤੇ ਸੌ ਸੁੱਖ 2

(ਸ) ਕੋਹ ਨਾ ਚੱਲੀ ਬਾਬਾ ਤ੍ਰਿਹਾਈ 2

(ਹ) ਤੌੜੀ ਉੱਬਲੇਗੀ ਤਾਂ ਆਪਣੇ ਹੀ ਕੰਢੇ ਸਾੜੇਗੀ 2

9. ਕਿਸੇ **ਇੱਕ** ਕਵਿਤਾ ਦਾ ਕੇਂਦਰੀ ਭਾਵ ਲਿਖੋ : 4

(ੳ) ਵਾਰਸ ਸ਼ਾਹ (ਅੰਮ੍ਰਿਤਾ ਪ੍ਰੀਤਮ)

(ਅ) ਪੁਰਾਣੇ ਪੰਜਾਬ ਨੂੰ ਅਵਾਜ਼ਾਂ (ਪ੍ਰੋ. ਪੂਰਨ ਸਿੰਘ)

(ੲ) ਮੇਰਾ ਬਚਪਨ (ਹਰਿਭਜਨ ਸਿੰਘ)

10. ਕਿਸੇ **ਇੱਕ** ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ : 8

(ੳ) ਮਾੜਾ ਬੰਦਾ (ਪ੍ਰੇਮ ਪ੍ਰਕਾਸ਼)

(ਅ) ਨੀਲੀ (ਕਰਤਾਰ ਸਿੰਘ ਦੁੱਗਲ)

-o0o-

**https://www.punjabboardonline.com**
**Whatsapp @ 9300930012**
**Send your old paper & get 10/-**
**अपने पुराने पेपर्स भेजे और 10 रुपये पायें,**
**Paytm or Google Pay से**



https://www.punjabboardonline.com